(This Question paper contains 2 printed page) Roll No. _________

L

S. No. of Question Paper : **6596**
Unique Paper Code : 2125001203
Name of the Paper : Desh Vand Di Punjabi Kavita
Type of Paper : General Elective (GE)
Semester : 2nd
Programme : Common Programme Group
Duration : 3 Hrs. Maximum Marks: 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਦੇਸ਼ ਵੰਡ ਦੀ ਕਵਿਤਾ ਉੱਤੇ ਦੇਸ਼ ਵੰਡ ਦੇ ਰਾਜਨੀਤਕ ਪ੍ਰਭਾਵਾਂ ਬਾਰੇ ਵਿਸਤਾਰਪੂਰਵਕ ਲਿਖੋ। (15)

ਜਾਂ

ਦੇਸ਼ ਵੰਡ ਤੋਂ ਪਏ ਸਮਾਜਕ ਤੇ ਆਰਥਿਕ ਪ੍ਰਭਾਵਾਂ ਉੱਪਰ ਵਿਸਤਾਰ ਸਹਿਤ ਚਰਚਾ ਕਰੋ।

**ਭਾਗ ਦੂਸਰਾ**

2. 'ਵਿਆਹੁਤਾ ਨਾਰ' ਦੀ ਲੇਖਕਾ ਬਾਰੇ ਜਾਣਕਾਰੀ ਦਿੰਦਿਆਂ ਕਵਿਤਾ ਦੇ ਵਿਸ਼ੇ ਨੂੰ ਰਚਨਾਂ ਦੇ ਆਧਾਰ 'ਤੇ ਵਿਚਾਰੋ। (15)

ਜਾਂ

ਜਸਵੰਤ ਸਿੰਘ ਨੇਕੀ ਦੀ ਕਵਿਤਾ 'ਕਿਆਮਤ ਦੇਸ਼ ਵੰਡ ਦੀ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

3. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (10)

ੳ) ਮੈਂਡੀਏ ਸੁਹਣੀਏ ਪਿੰਡੀਏ, ਤੈਂਡੀ ਯਾਦ ਸਦਾ ਤੜਪਾਸੀ,
ਜਿੱਥੇ ਬੈਠਾਂ ਉੱਠਸਾਂ, ਮਨ ਨ ਕਦੇ ਭੁਲਾਸੀ
ਚੁੱਪ ਧਾਰਨ ਦੇ ਰੋਸ ਵਜੋਂ ਅੱਜ, ਅੰਗ ਅੰਗ ਮੈਂਡਾ ਬੋਲੇ
ਕੰਨਾਂ ਦੇ ਘੇਰਿਆਂ ਵਿਚ ਫਿਰਦੇ, ਮਿੱਠੇ ਮਾਹੀਏ ਢੋਲੇ।

ਜਾਂ

ਅ) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ,
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

**ਭਾਗ ਤੀਸਰਾ**

4. 'ਦੁਸ਼ਮਨੀ ਦੀ ਦਾਸਤਾਨ' ਕਵਿਤਾ ਦੇ ਲੇਖਕ ਬਾਰੇ ਜਾਣਕਾਰੀ ਦੇਂਦੇ ਹੋਏ ਇਸਦਾ ਵਿਸ਼ਾ-ਵਸਤੂ

ਸਪਸ਼ਟ ਕਰੋ। (15)

ਜਾਂ

1966 ਤੋਂ ਬਾਅਦ ਦੀ ਕਵਿਤਾ ਦਾ ਕੇਂਦਰੀ ਭਾਵ ਸਪਸ਼ਟ ਕਰੋ।

5. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਲਿਖੋ: (10)

ੳ) ਗੱਲ ਤਾਂ ਨਿੱਕੀ ਜਿਹੀ ਹੈ
ਮੈਂ ਹੀ ਭਾਵੁਕ ਹੋ ਗਿਆ ਹਾਂ
ਕਾਬਲੀ ਅੰਗੂਰ
ਲੰਘ ਕੇ ਆ ਗਿਆ ਹੈ ਵਾਹਗਿਓਂ
ਤੂੰ ਸੀ ਜਿਹੜੇ ਰਾਹ ਗਿਓਂ
ਬਹੁਤ ਖ਼ੁਸ਼ ਹੋਇਆ ਹਾਂ ਮੈਂ
ਅੱਖੀਆਂ ਵਿਚ ਆ ਗਏ ਨੇ ਅੱਥਰੂ
ਭਰ ਗਿਆ ਹੈ ਮੇਰੇ ਮੂੰਹ ਵਿਚ ਮਾਖਿਓ
ਗੱਲ ਤਾਂ ਨਿੱਕੀ ਜਿਹੀ ਹੈ
ਮੈਂ ਹੀ ਭਾਵੁਕ ਹੋ ਗਿਆ ਹਾਂ।

ਜਾਂ

ਅ) ਬਸ਼ੀਰ ਚਾਚਾ
ਉਹ ਪੱਗ ਜੋ ਤੂੰ ਆਪਣੇ ਦੋਸਤ ਨਾਲ ਬਦਲੀ ਸੀ
ਹੁਣ ਕਿਸੇ ਦਿਨ ਵੀ
ਮੇਰੇ ਸਿਰ ਬੱਝ ਸਕਦੀ ਹੈ
ਤੇ ਮੈਂ ਨਹੀਂ ਚਾਹੁੰਦਾ
ਕਿ 'ਖ਼ੂਨ ਦੇ ਦਾਗ਼' ਮੇਰੇ ਸਿਰ ਸੱਜਣ
ਇਸ ਲਈ ਇਸ ਖ਼ਤ ਨੂੰ
ਖ਼ਤ ਨਹੀਂ
ਤਾਰ ਸਮਝਣਾ
ਤੇ ਪੜ੍ਹਦਿਆਂ ਹੀ ਵਾਪਸੀ ਡਾਕ ਤੇ
ਪਿੰਡ ਵਾਪਸ ਆ ਜਾਣਾ
"ਬੁੱਢੇ ਰੁੱਖ ਨੇ ਟੁੱਟਣਾ ਹੀ ਹੈ ਇਕ ਦਿਨ ਆਖ਼ਰ"
ਕਹਿ ਕੇ ਟਾਲਣ ਦੀ ਕੋਸ਼ਿਸ਼ ਨਾ ਕਰੀਂ

**ਭਾਗ ਚੌਥਾ**

6. ਸੁਰਜੀਤ ਪਾਤਰ ਦੀ ਕਵਿਤਾ 'ਉਨ੍ਹਾਂ ਦਾ ਵਿਰਲਾਪ' ਦਾ ਵਿਸਤਾਰ ਸਹਿਤ ਅਧਿਐਨ ਕਰੋ। (15)

ਜਾਂ

'ਪਾਕਿਸਤਾਨ ਦੀ ਵਾਰ' ਕਵਿਤਾ ਦਾ ਕੇਂਦਰੀ ਭਾਵ ਬਿਆਨ ਕਰਦਿਆਂ ਇਸਦੇ ਕਵੀ ਬਾਰੇ ਜਾਣਕਾਰੀ ਦਿਓ।

7. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (10)

ੳ) ਭਾਰੂ ਮੌਤ ਵਾਲਾ ਪਾਸਾ ਹੋਈ ਜਾਂਦਾ, ਪਾਸਾ ਹੋਈ ਜਾਂਦਾ ਲਿੱਸਾ ਜ਼ਿੰਦਗੀ ਦਾ,
ਦੋ ਦੋ ਵਾਰ ਪਏ ਮੌਤ ਨੂੰ ਆਉਣ ਦਿਨ ਵਿਚ ਖਾ ਕੇ ਅੰਨ ਮਿੱਸਾ ਤਿੱਸਾ ਜ਼ਿੰਦਗੀ ਦਾ
ਲੋਕੀਂ ਹਾਦਸੇ ਉੱਤੇ ਵੀ ਹੱਸਦੇ ਨੇ, ਬਣਿਆ ਇਸ ਤਰ੍ਹਾਂ ਦਾ ਕਿੱਸਾ ਜ਼ਿੰਦਗੀ ਦਾ
ਆਮ ਗੱਲ ਹੈ ਚੋਰੀਆਂ, ਕਤਲ, ਡਾਕੇ, ਹੁਣ ਤਾਂ ਕਰਫਿਊ ਹੈ ਹਿੱਸਾ ਜ਼ਿੰਦਗੀ ਦਾ।

ਜਾਂ

ਅ) ਜਿਨ੍ਹਾਂ ਪੁੱਟ ਕੇ ਜੰਗਲ਼ ਆਬਾਦ ਕੀਤੇ, ਮਾਲਕ ਬਣੇ ਸੀ ਜੋ ਮੁਰੱਬਿਆਂ ਦੇ,
ਜਿਨ੍ਹਾਂ ਨਾਲ ਪਸੀਨੇ ਦੇ ਖੇਤ ਸਿੰਜੇ, ਪੰਗੇ ਲਏ ਨਾਲ ਜਾਂਗਲੀ ਕੱਬਿਆਂ ਦੇ।
ਮਿਲਖਾਂ ਵਾਲੇ ਜੋ ਰਾਜਿਆਂ ਵਾਂਗ ਰਹਿੰਦੇ, ਫਿਕਰ ਕਰਦੇ ਨਾ ਸੱਜਿਆਂ ਖੱਬਿਆਂ ਦੇ,
ਬਿੰਦਰ ਸਿਆਂ ਖਾਲੀ ਹੱਥ, ਸਿਰ ਪੈਰ ਨੰਗੇ, ਲੱਦੇ ਗਏ ਵਿਚ ਰੇਲ ਦੇ ਡੱਬਿਆਂ ਦੇ।